recycle for Glasgow
ath-chuairtich do Ghlaschu

# ਤੁਹਾਡੀ ਰੀਸਾਈਕਲਿੰਗ ਸੇਵਾ ਬਦਲ ਰਹੀ ਹੈ

**Punjabi: Your recycling service is changing**

**ਉਹ ਸਭ ਕੁਝ ਜੋ ਤੁਹਾਨੂੰ ਜਾਣਨ ਦੀ ਲੋੜ ਹੈ**



**glasgow.gov.uk/recycling**

**#LetsGetGlasgowRecycling**

Glasgow
CITY COUNCIL

# ਅਸੀਂ ਘਰ ਵਿੱਚ ਤੁਹਾਡੇ ਰੀਸਾਈਕਲ ਕਰਨ ਦੇ ਤਰੀਕੇ ਨੂੰ ਬਦਲ ਰਹੇ ਹਾਂ

ਗਲਾਸਗੋ ਜ਼ੀਰੋ-ਕੂੜਾ ਸ਼ਹਿਰ ਬਣਨ ਦਾ ਟੀਚਾ ਰਖਦਾ ਹੈ। ਮਈ 2019 ਵਿੱਚ ਜਲਵਾਯੂ ਐਮਰਜੈਂਸੀ ਦਾ ਐਲਾਨ ਕਰਨ ਤੋਂ ਬਾਅਦ, ਸ਼ਹਿਰ 2030 ਤੱਕ ਕਾਰਬਨ ਨਿਰਪੱਖ ਬਣਨ ਲਈ ਵਚਨਬੱਧ ਹੈ।

ਅਸੀਂ ਆਪਣੇ ਵਧੇਰੇ ਕੂੜੇ ਨੂੰ ਰੀਸਾਈਕਲ ਕਰਕੇ ਇਨ੍ਹਾਂ ਟੀਚਿਆਂ ਨੂੰ ਪ੍ਰਾਪਤ ਕਰਨ ਵਿੱਚ ਮਦਦ ਕਰ ਸਕਦੇ ਹਾਂ। ਰੀਸਾਈਕਲਿੰਗ ਕਾਰਬਨ ਨਿਕਾਸ ਨੂੰ ਘਟਾਉਣ ਵਿੱਚ ਮਦਦ ਕਰ ਸਕਦਾ ਹੈ - ਕੱਚੇ ਮਾਲ ਦੀ ਵਰਤੋਂ ਕਰਨ ਨਾਲੋਂ ਰੀਸਾਈਕਲ ਕੀਤੇ ਉਤਪਾਦਾਂ ਨੂੰ ਬਣਾਉਣ ਲਈ ਘੱਟ ਊਰਜਾ ਦੀ ਲੋੜ ਹੁੰਦੀ ਹੈ।

ਇਸ ਲਈ ਰੀਸਾਈਕਲ ਕਰਨਾ ਕਦੇ ਵੀ ਇੰਨਾ ਵੱਧ ਮਹੱਤਵਪੂਰਨ ਨਹੀਂ ਰਿਹਾ।

ਇਹੀ ਕਾਰਨ ਹੈ ਕਿ ਅਸੀਂ, ਗਲਾਸਗੋ ਦੀਆਂ ਰੀਸਾਈਕਲਿੰਗ ਸੇਵਾਵਾਂ ਨੂੰ ਸਕਾਟਿਸ਼ ਮਾਰਗਦਰਸ਼ਨ (ਕੋਡ ਆਫ ਪ੍ਰੈਕਟਿਸ, ਜੋ ਘਰੇਲੂ ਰੀਸਾਈਕਲਿੰਗ ਲਈ ਚਾਰਟਰ ਦਾ ਸਮਰਥਨ ਕਰਦਾ ਹੈ) ਦੇ ਅਨੁਸਾਰ ਲਿਆ ਕੇ ਅਤੇ ਹੋਰ ਕੌਂਸਲਾਂ ਦੁਆਰਾ ਸ਼ੁਰੂ ਕੀਤੀਆਂ ਤਬਦੀਲੀਆਂ ਨਾਲ ਇਕਸਾਰ ਹੋ ਕੇ, ਘਰ ਵਿੱਚ ਜਿਵੇਂ ਤੁਸੀਂ ਰੀਸਾਈਕਲ ਕਰਦੇ ਹੋ ਉਸ ਤਰੀਕੇ ਨੂੰ ਬਦਲ ਰਹੇ ਹਾਂ।

ਇਹ ਵੱਡੀਆਂ ਤਬਦੀਲੀਆਂ ਤੁਹਾਡੇ ਲਈ ਰੀਸਾਈਕਲ ਕਰਨਾ ਆਸਾਨ ਬਣਾ ਦੇਣਗੀਆਂ ਅਤੇ ਸਾਡੇ ਦੁਆਰਾ ਇਕੱਤਰ ਕੀਤੀ ਰੀਸਾਈਕਲਿੰਗ ਦੀ ਗੁਣਵੱਤਾ ਵਿੱਚ ਵੱਡਾ ਫਰਕ ਪਾਉਣਗੀਆਂ।

# ਕੀ ਬਦਲ ਰਿਹਾ ਹੈ?

- ਅਸੀਂ ਤੁਹਾਨੂੰ ਪਲਾਸਟਿਕ, ਧਾਤਾਂ, ਡੱਬਿਆਂ, ਨਰਮ ਪਲਾਸਟਿਕ ਅਤੇ ਫਿਲਮ ਦੀ ਰੀਸਾਈਕਲਿੰਗ ਲਈ ਇੱਕ ਨਵਾਂ **ਸਲੇਟੀ ਬਿਨ** ਪ੍ਰਦਾਨ ਕਰ ਰਹੇ ਹਾਂ।
- ਪਲਾਸਟਿਕ ਦੀਆਂ ਬੋਤਲਾਂ ਦੇ ਨਾਲ-ਨਾਲ ਤੁਸੀਂ ਹੁਣ ਆਪਣੇ ਨਵੇਂ ਸਲੇਟੀ ਡੱਬੇ ਵਿੱਚ ਹੋਰ ਕਿਸਮਾਂ ਦੇ ਪਲਾਸਟਿਕ ਨੂੰ ਵੀ ਰੀਸਾਈਕਲ ਕਰ ਸਕਦੇ ਹੋ। **ਇਸ ਵਿੱਚ ਦਹੀਂ ਦੇ ਡੱਬੇ, ਮਾਰਜਰੀਨ ਟੱਬ, ਭੋਜਨ ਦੀਆਂ ਟ੍ਰੇਆਂ, ਨਰਮ ਪਲਾਸਟਿਕ ਅਤੇ ਫਿਲਮ ਜਿਵੇਂ ਕਿ ਪਲਾਸਟਿਕ ਰੈਪਿੰਗ, ਕੈਰੀਅਰ ਬੈਗ, ਢੱਕਣ ਵਾਲੀਆਂ ਫਿਲਮਾਂ ਸ਼ਾਮਲ ਹਨ।**
- ਤੁਹਾਡੇ **ਨੀਲੇ ਬਿਨ** ਦੀ ਵਰਤੋਂ ਹੁਣ ਸਿਰਫ **ਕਾਗਜ਼, ਕਾਰਡ ਅਤੇ ਗੱਤੇ** ਨੂੰ ਰੀਸਾਈਕਲ ਕਰਨ ਲਈ ਕੀਤੀ ਜਾਣੀ ਚਾਹੀਦੀ ਹੈ।

**ਨਾਲ ਨੱਥੀ ਸਟਿੱਕਰਾਂ ਨੂੰ ਆਪਣੇ ਨੀਲੇ ਅਤੇ ਹਰੇ ਬਿਨਾਂ ਨਾਲ ਜੋੜਨਾ ਯਾਦ ਰੱਖੋ**



**ਨਵਾਂ!**



**ਬਦਲਾਵ!**

# ਤੁਹਾਡੀ ਬਿਹਤਰ ਕੂੜਾ ਅਤੇ ਰੀਸਾਈਕਲਿੰਗ ਸੇਵਾ

**ਸਲੇਟੀ ਬਿਨ**

ਪਲਾਸਟਿਕ, ਧਾਤਾਂ, ਡੱਬੇ, ਨਰਮ ਪਲਾਸਟਿਕ ਅਤੇ ਫਿਲਮ



ਹਰ 4 ਹਫਤਿਆਂ ਬਾਅਦ ਇਕੱਤਰ ਕੀਤਾ ਜਾਂਦਾ ਹੈ

**ਨੀਲਾ ਬਿਨ**

ਕਾਗਜ਼, ਕਾਰਡ ਅਤੇ ਗੱਤਾ



ਹਰ 4 ਹਫਤਿਆਂ ਬਾਅਦ ਇਕੱਤਰ ਕੀਤਾ ਜਾਂਦਾ ਹੈ

**ਜਾਮਨੀ ਬਿਨ**

ਸ਼ੀਸ਼ੇ ਦੀਆਂ ਬੋਤਲਾਂ ਅਤੇ ਜਾਰ



ਹਰ 8 ਹਫਤਿਆਂ ਬਾਅਦ ਇਕੱਤਰ ਕੀਤਾ ਜਾਂਦਾ ਹੈ

**ਬ੍ਰਾਉਨ ਬਿਨ**

ਭੋਜਨ ਅਤੇ ਬਗੀਚੇ ਦਾ ਕੂੜਾ



ਹਰ 2 ਹਫਤਿਆਂ ਬਾਅਦ ਇਕੱਤਰ ਕੀਤਾ ਜਾਂਦਾ ਹੈ

**ਹਰਾ ਬਿਨ**

ਕੋਈ ਵੀ ਚੀਜ਼ ਜਿਸ ਨੂੰ ਰੀਸਾਈਕਲ ਨਹੀਂ ਕੀਤਾ ਜਾ ਸਕਦਾ



ਹਰ 3 ਹਫਤਿਆਂ ਬਾਅਦ ਇਕੱਤਰ ਕੀਤਾ ਜਾਂਦਾ ਹੈ

# ਰੀਸਾਈਕਲਿੰਗ ਅਧਿਕਾਰ

ਇਸਤੋਂ ਪਹਿਲਾਂ ਕਿ ਤੁਹਾਡਾ ਹਰੇਕ ਰੀਸਾਈਕਲਿੰਗ ਬਿਨ ਖਾਲੀ ਕੀਤਾ ਜਾਵੇ, ਸਾਡੇ ਇਕੱਤਰ ਕਰਨ ਵਾਲੇ ਚਾਲਕ ਦਲ ਇਹ ਯਕੀਨੀ ਬਣਾਉਣ ਲਈ ਜਾਂਚ ਕਰਨਗੇ ਕਿ ਉਨ੍ਹਾਂ ਵਿੱਚ ਕੋਈ ਗਲਤ ਚੀਜ਼ਾਂ ਨਹੀਂ ਹਨ।

## ਗਲਤ ਚੀਜ਼ਾਂ ਕੀ ਹਨ?

ਤੁਹਾਡੇ ਹਰੇਕ ਰੀਸਾਈਕਲਿੰਗ ਡੱਬੇ ਵਿੱਚ ਮੌਜੂਦ ਕੋਈ ਵੀ ਚੀਜ਼ ਜੋ ਉੱਥੇ ਨਹੀਂ ਹੋਣੀ ਚਾਹੀਦੀ, ਜਾਂ ਉਹ ਚੀਜ਼ਾਂ ਜਿੰਨ੍ਹਾਂ ਨੂੰ ਪਾਣੀ ਚੋਂ ਨਹੀਂ ਕੱਢਿਆ ਗਿਆ ਹੈ ਜਾਂ ਜਿਸ ਵਿੱਚ ਭੋਜਨ ਜਾਂ ਤਰਲ ਪਦਾਰਥ ਹਨ।

## ਕੀ ਹੋਵੇਗਾ?

ਜੇ ਤੁਹਾਡੇ ਰੀਸਾਈਕਲਿੰਗ ਬਿਨ ਵਿੱਚ ਗਲਤ ਚੀਜ਼ਾਂ ਹਨ ਤਾਂ ਇਸ ਨੂੰ ਖਾਲੀ **ਨਹੀਂ ਕੀਤਾ ਜਾਵੇਗਾ** - ਅਸੀਂ ਇਸ ਨੂੰ ਟੈਗ ਕਰਾਂਗੇ ਅਤੇ ਤੁਹਾਨੂੰ ਆਪਣੇ ਅਗਲੇ ਇਕੱਤਰ ਕਰਨ ਵਾਲੇ ਦਿਨ ਇਸਨੂੰ ਦੁਬਾਰਾ ਬਾਹਰ ਰੱਖਣ ਤੋਂ ਪਹਿਲਾਂ ਗਲਤ ਚੀਜ਼ਾਂ ਨੂੰ ਕੱਢਣ ਲਈ ਕਿਹਾ ਜਾਵੇਗਾ।

ਜੇ ਤੁਸੀਂ ਆਪਣੇ ਰੀਸਾਈਕਲਿੰਗ ਬਿਨ ਵਿੱਚ ਗਲਤ ਚੀਜ਼ਾਂ ਪਾਉਣਾ ਜਾਰੀ ਰੱਖਦੇ ਹੋ ਤਾਂ ਇਸ ਨੂੰ ਖਾਲੀ ਨਹੀਂ ਕੀਤਾ ਜਾਵੇਗਾ, ਬਿਨ ਨੂੰ ਟੈਗ ਕੀਤਾ ਜਾਵੇਗਾ ਅਤੇ ਤੁਹਾਨੂੰ ਇਹ ਸਮਝਾਉਂਦੇ ਹਏ ਇੱਕ ਪੱਤਰ ਮਿਲੇਗਾ ਕਿ ਹਰੇਕ ਬਿਨ ਵਿੱਚ ਕੀ ਰੀਸਾਈਕਲ ਕੀਤਾ ਜਾ ਸਕਦਾ ਹੈ।

ਸਹੀ ਤਰੀਕੇ ਨਾਲ ਰੀਸਾਈਕਲ ਕਰਨ ਦੇ ਤਰੀਕੇ ਬਾਰੇ ਹੋਰ ਸਲਾਹ ਪ੍ਰਦਾਨ ਕਰਨ ਲਈ ਇੱਕ ਕੌਂਸਲ ਅਫਸਰ ਤੁਹਾਡੀ ਜਾਇਦਾਦ ਦਾ ਦੌਰਾ ਵੀ ਕਰ ਸਕਦਾ ਹੈ।

ਜੇ ਤੁਸੀਂ ਅਜੇ ਵੀ ਆਪਣੇ ਰੀਸਾਈਕਲਿੰਗ ਬਿਨ ਵਿੱਚ ਗਲਤ ਚੀਜ਼ਾਂ ਪਾਉਣਾ ਜਾਰੀ ਰੱਖਦੇ ਹੋ ਤਾਂ ਇਸ ਨੂੰ ਹਟਾਇਆ ਜਾ ਸਕਦਾ ਹੈ।

ਕੌਂਸਲ ਨੂੰ ਗ੍ਰੀਨ ਬਿਨ ਵਿੱਚਲੀਆਂ ਚੀਜ਼ਾਂ ਦਾ ਨਿਪਟਾਰਾ ਕਰਨ ਲਈ ਰੀਸਾਈਕਲ ਕਰਨ ਨਾਲੋਂ ਵਧੇਰੇ ਪੈਸਾ ਖਰਚ ਕਰਨਾ ਪੈਂਦਾ ਹੈ - ਜੇ ਸ਼ੱਕ ਹੈ, ਤਾਂ ਇਸ ਨੂੰ ਬਾਹਰ ਛੱਡ ਦਿਓ।



# ਤੁਹਾਨੂੰ ਪਤਾ ਹੋਣਾ ਚਾਹੀਦਾ ਹੈ...

## ਦੂਸ਼ਿਤਤਾ ਮੁਆਫੀ

ਤੁਹਾਡੇ ਨਵੇਂ ਸਲੇਟੀ ਰੀਸਾਈਕਲਿੰਗ ਬਿਨ ਦੇ ਡਿਲੀਵਰ ਹੋਣ ਤੋਂ ਬਾਅਦ ਲਗਭਗ 4 ਹਫਤਿਆਂ ਲਈ ਅਸੀਂ ਸਾਰੇ ਰੀਸਾਈਕਲਿੰਗ ਬਿਨਾਂ ਨੂੰ ਖਾਲੀ ਕਰਾਂਗੇ, **ਭਾਵੇਂ ਉਨ੍ਹਾਂ ਵਿੱਚ ਗਲਤ ਚੀਜ਼ਾਂ ਹਨ।** ਅਸੀਂ ਤੁਹਾਡੇ ਰੀਸਾਈਕਲਿੰਗ ਬਿਨ ਨੂੰ ਯਾਦ ਦਿਵਾਉਣ ਲਈ ਟੈਗ ਕਰਾਂਗੇ, ਕਿ ਇਹ ਦੂਸ਼ਿਤ ਹੈ। ਕੋਈ ਵੀ ਰੀਸਾਈਕਲਿੰਗ ਬਿਨ ਜੋ **ਇਸ ਮੁਆਫੀ ਦੀ ਮਿਆਦ ਤੋਂ ਬਾਅਦ ਦੂਸ਼ਿਤ ਹੁੰਦੇ ਹਨ,** ਨੂੰ ਸਾਡੇ ਇਕੱਤਰ ਕਰਨ ਵਾਲੇ ਚਾਲਕ ਦਲ ਦੁਆਰਾ ਟੈਗ ਕੀਤਾ ਜਾਵੇਗਾ ਅਤੇ **ਖਾਲੀ ਨਹੀਂ ਕੀਤਾ ਜਾਵੇਗਾ** - ਸਾਡੀ ਦੂਸ਼ਿਤਤਾ ਨੀਤੀ ਲਾਗੂ ਹੋਵੇਗੀ, ਜਿਵੇਂ ਕਿ ਪਿਛਲੇ ਪੰਨੇ 'ਤੇ ਵਰਣਨ ਕੀਤਾ ਗਿਆ ਹੈ।

## ਇੱਕ ਗ੍ਰੀਨ ਬਿਨ ਨੀਤੀ

ਹਰੇਕ ਪਰਿਵਰ ਨੂੰ ਰੀਸਾਈਕਲ ਨਾ ਕੀਤੇ ਜਾਣ ਵਾਲੇ ਕੂੜੇ ਲਈ **ਇੱਕ ਹਰੇ ਬਿਨ** ਦੀ ਆਗਿਆ ਹੈ। ਕਿਰਪਾ ਕਰਕੇ ਇਸ ਕਿਤਾਬਚੇ ਨਾਲ ਨੱਥੀ ਸਟਿੱਕਰ ਨੂੰ ਆਪਣੇ ਹਰੇ ਬਿਨ 'ਤੇ ਲਗਾਓ - ਇਹ ਯਕੀਨੀ ਬਣਾਏਗਾ ਕਿ ਇਹ ਭਵਿੱਖ ਵਿੱਚ ਖਾਲੀ ਕੀਤਾ ਜਾਂਦਾ ਹੈ। ਤੁਹਾਡੇ ਨਵੇਂ ਸਲੇਟੀ ਰੀਸਾਈਕਲਿੰਗ ਬਿਨ ਦੀ ਡਿਲੀਵਰੀ ਤੋਂ ਬਾਅਦ ਲਗਭਗ 4 ਹਫਤਿਆਂ ਲਈ ਅਸੀਂ ਇਕੱਤਰ ਕਰਨ ਲਈ ਰੱਖੇ ਗਏ ਸਾਰੇ ਹਰੇ ਬਿਨਾਂ ਨੂੰ ਖਾਲੀ ਕਰਾਂਗੇ - ਭਾਵੇਂ ਉਨ੍ਹਾਂ ਉੱਤੇ ਕੋਈ ਸਟਿੱਕਰ ਨਹੀਂ ਹੈ।

ਇਸ ਮੁਆਫੀ ਦੀ ਮਿਆਦ ਤੋਂ ਬਾਅਦ ਇਕੱਤਰ ਕਰਨ ਲਈ ਰੱਖੇ ਗਏ ਕਿਸੇ ਵੀ **ਬਿਨਾਂ ਸਟਿੱਕਰ** ਵਾਲੇ ਹਰੇ ਬਿਨ **ਨੂੰ ਖਾਲੀ ਨਹੀਂ ਕੀਤਾ ਜਾਵੇਗਾ।**




**ਪ੍ਰਤੀ ਪਰਿਵਾਰ ਇੱਕ ਸੰਗ੍ਰਹਿ**

## ਹਰ 4 ਹਫਤਿਆਂ ਬਾਅਦ ਇਕੱਤਰ ਕੀਤਾ ਜਾਂਦਾ ਹੈ

# ਪਲਾਸਟਿਕ, ਧਾਤਾਂ, ਡੱਬਿਆਂ, ਨਰਮ ਪਲਾਸਟਿਕ ਅਤੇ ਫਿਲਮ ਲਈ ਆਪਣੇ ਸਲੇਟੀ ਬਿਨ ਦੀ ਵਰਤੋਂ ਕਰੋ



ਨਵਾਂ!



ਪਲਾਸਟਿਕ ਦੀਆਂ ਬੋਤਲਾਂ

ਨਵਾਂ!



ਪਲਾਸਟਿਕ ਦੇ ਡੱਬੇ, ਟੱਬ ਅਤੇ ਟ੍ਰੇ - ਨਵਾਂ!



ਪਲਾਸਟਿਕ ਅਤੇ ਧਾਤੂ ਦੇ ਢੱਕਣ ਅਤੇ ਕਵਰ



ਟਿਨ ਅਤੇ ਕੈਨ



ਖਾਲੀ ਐਰੋਸੋਲ

ਨਵਾਂ!



ਸਾਫ਼ ਅਲਯੂਮੀਨੀਅਮ ਫੋਇਲ ਅਤੇ ਫੋਇਲ ਟ੍ਰੇ



ਧਾਤ ਅਤੇ ਪਲਾਸਟਿਕ ਦੇ ਟਾਫੀਆਂ ਅਤੇ ਬਿਸਕੁਟ ਵਾਲੇ ਟਿੰਨ

ਨਵਾਂ!



ਭੋਜਨ ਅਤੇ ਪੀਣ ਵਾਲੇ ਡੱਬੇ

ਨਵਾਂ!



ਨਰਮ ਪਲਾਸਟਿਕ ਅਤੇ ਫਿਲਮ
(ਉਦਾਹਰਨ ਲਈ ਪਲਾਸਟਿਕ ਰੈਪਿੰਗ, ਕੈਰੀਅਰ ਬੈਗ, ਫਿਲਮ ਢੱਕਣ)



ਅਸੀਂ
ਸਿਰਫ ਉਨ੍ਹਾਂ ਚੀਜ਼ਾਂ
ਨੂੰ ਰੀਸਾਈਕਲ
ਕਰ ਸਕਦੇ ਹਾਂ ਜੋ
ਸਾਫ਼ ਹਨ



1 ਆਪਣੀਆਂ ਚੀਜ਼ਾਂ ਨੂੰ ਧੋਵੋ ਅਤੇ ਕੁਚਲ ਦਿਓ - ਲੇਬਲਾਂ ਨੂੰ ਉਤਾਰਨ ਦੀ ਕੋਈ ਲੋੜ ਨਹੀਂ ਹੈ।

2 ਇਨ੍ਹਾਂ ਸਾਰੀਆਂ ਚੀਜ਼ਾਂ ਨੂੰ ਆਪਣੇ ਸਲੇਟੀ ਬਿਨ ਵਿੱਚ ਇਵੇਂ ਹੀ ਸੁਟ ਦਿਓ - ਕਿਰਪਾ ਕਰਕੇ ਇਹਨਾਂ ਨੂੰ ਪਲਾਸਟਿਕ ਦੇ ਬੈਗਾਂ ਵਿੱਚ ਨਾ ਪਾਓ।



3 ਕਿਰਪਾ ਕਰਕੇ ਆਪਣੇ ਇਕੱਤਰੀਕਰਨ ਵਾਲੇ ਦਿਨ ਸਵੇਰੇ 7.00 ਵਜੇ ਤੱਕ ਆਪਣੇ ਬਿਨ ਨੂੰ ਕਰਬ ਵੱਲ ਹੈਂਡਲ ਕਰਕੇ ਬਾਹਰ ਰੱਖੋ।

**ਕਿਰਪਾ ਕਰਕੇ ਹੇਠ ਲਿਖੀਆਂ ਚੀਜ਼ਾਂ ਵਿੱਚੋਂ ਕਿਸੇ ਨੂੰ ਵੀ ਆਪਣੇ ਸਲੇਟੀ ਬਿਨ ਵਿੱਚ ਨਾ ਪਾਓ:**

- ✘ ਗਲਾਸ
- ✘ ਪੋਲੀਸਟਾਈਰੀਨ
- ✘ ਬੈਟਰੀਆਂ
- ✘ ਬਿਜਲੀ ਦੀਆਂ ਚੀਜ਼ਾਂ
- ✘ ਤੇਲ ਜਾਂ ਪੇਂਟ ਦੇ ਡੱਬੇ
- ✘ ਧਾਤੂ ਦੇ ਭਾਂਡੇ, ਪੈਨ ਜਾਂ ਟ੍ਰੇ
- ✘ ਨੈਪੀਆਂ
- ✘ ਰੀਸਾਈਕਲ ਨਾ ਕੀਤੇ ਜਾਣ ਵਾਲਾ ਕੂੜਾ

ਹਰ 4 ਹਫਤਿਆਂ ਬਾਅਦ ਇਕੱਤਰ ਕੀਤਾ ਜਾਂਦਾ ਹੈ

# ਕਾਗਜ਼, ਕਾਰਡ ਅਤੇ ਗੱਤੇ ਲਈ ਆਪਣੇ ਨੀਲੇ ਬਿਨ ਦੀ ਵਰਤੋਂ ਕਰੋ






ਅਖਬਾਰ ਅਤੇ ਰਸਾਲੇ



ਲਿਫਾਫੇ ਅਤੇ ਫਾਲਤੂ ਡਾਕ



ਕਤਰਿਆ ਹੋਇਆ ਕਾਗਜ਼



ਪੇਪਰਬੈਕ ਕਾਰਡ
(ਜਾਂ ਚੈਰਿਟੀ ਨੂੰ ਦਾਨ ਕਰੋ)



ਗ੍ਰੀਟਿੰਗ ਕਾਰਡ ਅਤੇ ਰੈਪਿੰਗ ਪੇਪਰ



ਪੀਜ਼ਾ ਵਾਲੇ ਸਾਫ਼ ਬਾਕਸ



ਅੰਡਿਆ ਦੇ ਡੱਬੇ ਅਤੇ ਟਾਇਲਟ ਰੋਲ ਟਿਊਬਾਂ




ਸੀਰੀਅਲ ਵਾਲੇ ਡਬੇ ਅਤੇ ਭੋਜਨ ਉਤਲੀਆਂ ਸਲੀਵਾਂ



ਗੱਤੇ ਦੇ ਡੱਬੇ



**1** ਆਪਣੇ ਕਾਰਡ ਅਤੇ ਗੱਤੇ ਨੂੰ ਫਲੈਟ ਕਰੋ - ਇਹ ਤੁਹਾਡੇ ਬਿਨ ਵਿੱਚ ਜਗ੍ਹਾ ਬਚਾਉਣ ਵਿੱਚ ਸਹਾਇਤਾ ਕਰਦਾ ਹੈ।



**2** ਇਨ੍ਹਾਂ ਸਾਰੀਆਂ ਚੀਜ਼ਾਂ ਨੂੰ ਆਪਣੇ ਨੀਲੇ ਬਿਨ ਵਿੱਚ ਖੁਲ੍ਹਾ ਹੀ ਪਾਉ - ਕਿਰਪਾ ਕਰਕੇ ਇਹਨਾਂ ਨੂੰ ਪਲਾਸਟਿਕ ਦੇ ਬੈਗਾਂ ਵਿੱਚ ਨਾ ਪਾਓ।



**3** ਕਿਰਪਾ ਕਰਕੇ ਆਪਣੇ ਇਕੱਤਰੀਕਰਨ ਵਾਲੇ ਦਿਨ ਸਵੇਰੇ 7.00 ਵਜੇ ਤੱਕ ਆਪਣੇ ਬਿਨ ਨੂੰ ਕਰਬ ਵੱਲ ਹੈਂਡਲ ਕਰਕੇ ਬਾਹਰ ਰੱਖੋ।

**ਹੇਠ ਲਿਖੀਆਂ ਚੀਜ਼ਾਂ ਵਿੱਚੋਂ ਕਿਸੇ ਨੂੰ ਵੀ ਆਪਣੇ ਨੀਲੇ ਬਿਨ ਵਿੱਚ ਨਾ ਪਾਓ: ਕਿਰਪਾ ਕਰਕੇ ਹੇਠ ਲਿਖੀਆਂ ਚੀਜ਼ਾਂ ਵਿੱਚੋਂ ਕਿਸੇ ਨੂੰ ਵੀ ਆਪਣੇ ਨੀਲੇ ਬਿਨ ਵਿੱਚ ਨਾ ਪਾਓ:**

- ✘ ਭੋਜਨ ਜਾਂ ਤਰਲ ਵਿੱਚ ਭਿੱਜੀਆਂ ਚੀਜ਼ਾਂ
- ✘ ਡੱਬਿਆਂ ਤੋਂ ਪਲਾਸਟਿਕ ਇੰਸਰਟ, ਬਬਲ ਰੈਪ ਜਾਂ ਪੋਲੀਸਟਾਈਰੀਨ
- ✘ ਸੀਰੀਅਲ ਵਾਲੇ ਡੱਬਿਆਂ ਵਿੱਚਲੇ ਪਲਾਸਟਿਕ ਲਾਈਨਰ
- ✘ ਫਾਲਤੂ ਡਾਕ, ਅਖਬਾਰਾਂ ਜਾਂ ਰਸਾਲਿਆਂ ਤੋਂ ਪਲਾਸਟਿਕ ਰੈਪਿੰਗ
- ✘ ਪੈਡਡ ਲਿਫਾਫੇ
- ✘ ਟਿਸ਼ੂ ਜਾਂ ਰਸੋਈ ਵਾਲੇ ਟਿਸ਼ੂ
- ✘ ਵਾਲਪੇਪਰ
- ✘ ਡਿਸਪੋਜ਼ੇਬਲ ਕੌਫੀ ਵਾਲੇ ਕੱਪ
- ✘ ਹਾਰਡਬੈਕ ਕਿਤਾਬਾਂ
- ✘ ਰੀਸਾਈਕਲ ਨਾ ਕੀਤੇ ਜਾ ਸਕਣ ਵਾਲਾ ਕੂੜਾ

ਹਰ 8 ਹਫਤਿਆਂ ਬਾਅਦ ਇਕੱਤਰ ਕੀਤਾ ਜਾਂਦਾ ਹੈ

# ਸ਼ੀਸ਼ੇ ਦੀਆਂ ਬੋਤਲਾਂ ਅਤੇ ਜਾਰਾਂ ਲਈ ਆਪਣੇ ਜਾਮਨੀ ਬਿਨ ਦੀ ਵਰਤੋਂ ਕਰੋ






ਵਾਈਨ ਅਤੇ ਸ਼ਰਾਬ ਦੀਆਂ ਬੋਤਲਾਂ



ਬੀਅਰ ਅਤੇ ਸਾਈਡਰ ਦੀਆਂ ਬੋਤਲਾਂ




ਭੋਜਨ ਦੇ ਜਾਰ



ਜੈਮ ਜਾਰ



ਤੇਲ ਅਤੇ ਸਿਰਕੇ ਦੀਆਂ ਬੋਤਲਾਂ



ਸੋਸ ਦੀਆਂ ਬੋਤਲਾਂ



ਕੌਫ਼ੀ ਜਾਰ



ਦਵਾਈ ਅਤੇ ਇੱਤਰ ਦੀਆਂ ਬੋਤਲਾਂ

ਢੱਕਣ ਅਤੇ ਉੱਤਲੇ ਕਵਰਾਂ ਨੂੰ ਤੁਹਾਡੀਆਂ ਬੋਤਲਾਂ ਅਤੇ ਜਾਰ ‘ਤੇ ਰਹਿਣ ਦਿੱਤਾ ਜਾ ਸਕਦਾ ਹੈ







1 ਆਪਣੀਆਂ ਬੋਤਲਾਂ ਅਤੇ ਜਾਰਾਂ ਨੂੰ ਇੱਕ ਵਾਰ ਪਾਣੀ ਵਿੱਚੋਂ ਕੱਢ ਲਵੋ

2 ਇਨ੍ਹਾਂ ਸਾਰੀਆਂ ਚੀਜ਼ਾਂ ਨੂੰ ਆਪਣੇ ਜਾਮਨੀ ਬਿਨ ਵਿੱਚ ਖੁਲ੍ਹਾ ਹੀ ਰੱਖੋ - ਕਿਰਪਾ ਕਰਕੇ ਇਹਨਾਂ ਨੂੰ ਪਲਾਸਟਿਕ ਦੇ ਬੈਗਾਂ ਵਿੱਚ ਨਾ ਪਾਓ।



3 ਕਿਰਪਾ ਕਰਕੇ ਆਪਣੇ ਇਕੱਤਰੀਕਰਨ ਵਾਲੇ ਦਿਨ ਸਵੇਰੇ 7.00 ਵਜੇ ਤੱਕ ਆਪਣੇ ਬਿਨ ਨੂੰ ਕਰਬ ਵੱਲ ਹੈਂਡਲ ਕਰਕੇ ਬਾਹਰ ਰੱਖੋ।

**ਕਿਰਪਾ ਕਰਕੇ ਹੇਠ ਲਿਖੀਆਂ ਚੀਜ਼ਾਂ ਵਿੱਚੋਂ ਕਿਸੇ ਨੂੰ ਵੀ ਆਪਣੇ ਜਾਮਨੀ ਬਿਨ ਵਿੱਚ ਨਾ ਪਾਓ:**


- ✘ ਕ੍ਰੋਕਰੀ, ਸਿਰਾਮਿਕਸ ਜਾਂ ਪਾਈਰੇਕਸ
- ✘ ਖਿੜਕੀਆਂ ਜਾਂ ਸ਼ੀਸ਼ੇ
- ✘ ਪੀਣ ਵਾਲੇ ਗਲਾਸ
- ✘ ਲਾਈਟ ਬੱਲਬ
- ✘ ਰੀਸਾਈਕਲ ਨਾ ਕੀਤੇ ਜਾ ਸਕਣ ਵਾਲਾ ਕੂੜਾ

**ਹਰ 2 ਹਫਤਿਆਂ ਬਾਅਦ ਇਕੱਤਰ ਕੀਤਾ ਜਾਂਦਾ ਹੈ**



# ਭੋਜਨ ਅਤੇ ਬਾਗ ਦੀ ਰਹਿੰਦ-ਖੂੰਹਦ ਲਈ ਆਪਣੇ ਭੂਰੇ ਬਿਨ ਦੀ ਵਰਤੋਂ ਕਰੋ*

*ਬਾਗ ਦੇ ਕੂੜੇ ਨੂੰ ਇਕੱਤਰ ਕਰਨ ਲਈ ਲੋੜੀਂਦਾ ਪਰਮਿਟ - ਆਨਲਾਈਨ ਅਰਜ਼ੀ ਦਿਓ




ਚਾਹ ਦੇ ਬੈਗ ਅਤੇ ਕੁੱਟੀ ਹੋਈ ਕੌਫੀ



ਫਲ, ਸਬਜ਼ੀਆਂ ਅਤੇ ਛਿਲਕੇ



ਮੀਟ, ਮੱਛੀ ਅਤੇ ਹੱਡੀਆਂ



ਅੰਡੇ ਅਤੇ ਅੰਡਿਆਂ ਦੇ ਛਿਲਕੇ




ਬ੍ਰੈਡ




ਚਾਵਲ ਅਤੇ ਪਾਸਤਾ



ਘਾਹ ਅਤੇ ਹੇਜ ਦੀਆਂ ਕਤਰਨਾਂ



ਫੁੱਲ, ਪੱਤੇ ਅਤੇ ਨਦੀਨ



ਛੋਟੀਆਂ ਸ਼ਾਖਾਵਾਂ

ਇਹ ਪਤਾ ਕਰਨ ਲਈ ਸਾਡੀ ਵੈਬਸਾਈਟ 'ਤੇ ਜਾਓ ਕਿ ਤੁਸੀਂ ਮੁਫ਼ਤ ਕੈਡੀ ਲਾਈਨਰ ਕਿੱਥੇ ਇਕੱਤਰ ਕਰ ਸਕਦੇ ਹੋ





1. ਭੋਜਨ ਦੀ ਰਹਿੰਦ-ਖੂੰਹਦ ਨੂੰ ਆਪਣੀ ਰਸੋਈ ਕੈਡੀ ਵਿੱਚ ਪਾਓ - ਕਿਰਪਾ ਕਰਕੇ ਸਿਰਫ ਕੰਪੋਸਟ ਹੋਣ ਵਾਲੇ ਲਾਈਨਰਾਂ ਦੀ ਵਰਤੋਂ ਕਰੋ। ਜਦੋਂ ਇਹ ਲਗਭਗ ਭਰ ਜਾਂਦਾ ਹੈ, ਤਾਂ ਆਪਣੇ ਲਾਈਨਰ ਨੂੰ ਬੰਨ੍ਹ ਕੇ ਆਪਣੇ ਭੂਰੇ ਬਿਨ ਵਿੱਚ ਰੱਖੋ।

2. ਜੇ ਤੁਸੀਂ ਇੱਕ ਪਰਮਿਟ ਲਈ ਭੁਗਤਾਨ ਕੀਤਾ ਹੈ ਤਾਂ ਤੁਸੀਂ ਬਾਗ ਦੀ ਰਹਿੰਦ-ਖੂੰਹਦ ਲਈ ਵੀ ਆਪਣੇ ਭੂਰੇ ਬਿਨ ਦੀ ਵਰਤੋਂ ਕਰ ਸਕਦੇ ਹੋ।



3. ਕਿਰਪਾ ਕਰਕੇ ਆਪਣੇ ਇਕੱਤਰੀਕਰਨ ਵਾਲੇ ਦਿਨ ਸਵੇਰੇ 7.00 ਵਜੇ ਤੱਕ ਆਪਣੇ ਬਿਨ ਨੂੰ ਕਰਬ ਵੱਲ ਹੈਂਡਲ ਕਰਕੇ ਬਾਹਰ ਰੱਖੋ।

**ਕਿਰਪਾ ਕਰਕੇ ਹੇਠ ਲਿਖੀਆਂ ਚੀਜ਼ਾਂ ਵਿੱਚੋਂ ਕਿਸੇ ਨੂੰ ਵੀ ਆਪਣੇ ਭੂਰੇ ਬਿਨ ਵਿੱਚ ਨਾ ਪਾਓ:**

- ✘ ਬਾਗ ਦਾ ਭਾਰੀ ਕੂੜਾ, ਜਿਵੇਂ ਕਿ ਰੁੱਖਾਂ ਦੇ ਤਣੇ
- ✘ ਪਲਾਸਟਿਕ ਕੈਰੀਅਰ ਬੈਗ
- ✘ ਭੋਜਨ ਜਾਂ ਪੀਣ ਵਾਲੇ ਕੰਟੇਨਰ
- ✘ ਭੋਜਨ ਦੀ ਪੈਕੇਜਿੰਗ
- ✘ ਤਰਲ ਜਾਂ ਤੇਲ
- ✘ ਮਿੱਟੀ, ਘਾਹ ਜਾਂ ਪੱਥਰ
- ✘ ਪਾਲਤੂ ਜਾਨਵਰਾਂ ਦਾ ਕੂੜਾ ਜਾਂ ਜਾਨਵਰਾਂ ਦੇ ਬਿਸਤਰੇ
- ✘ ਬਗੀਚੇ ਦਾ ਫਰਨੀਚਰ
- ✘ ਕੋਈ ਵੀ ਧਾਤ ਜਾਂ ਪਲਾਸਟਿਕ
- ✘ ਰੀਸਾਈਕਲ ਨਾ ਕੀਤੇ ਜਾਣ ਵਾਲਾ ਕੂੜਾ

# ਮੇਰੀ ਰੀਸਾਈਕਲਿੰਗ ਦਾ ਕੀ ਹੁੰਦਾ ਹੈ?

ਇੱਕ ਵਾਰ ਜਦੋਂ ਤੁਹਾਡੇ ਰੀਸਾਈਕਲਿੰਗ ਬਿਨ ਇਕੱਤਰ ਹੋ ਜਾਂਦੇ ਹਨ ਤਾਂ ਉਨ੍ਹਾਂ ਦੀ ਰੀਸਾਈਕਲਿੰਗ ਸੁਵਿਧਾਵਾਂ ਵਿਖੇ ਛਾਂਟੀ ਅਤੇ ਪ੍ਰਕਿਰਿਆ ਕੀਤੀ ਜਾਂਦੀ ਹੈ।

ਆਪਣੇ ਸਮਾਰਟ ਫੋਨ 'ਤੇ ਇਸ QR ਕੋਡ ਨੂੰ ਸਕੈਨ ਕਰਕੇ ਰੀਸਾਈਕਲਿੰਗ ਪ੍ਰਕਿਰਿਆ ਬਾਰੇ ਹੋਰ ਪਤਾ ਕਰੋ ਅਤੇ ਸਾਡੀ ਵੈਬਸਾਈਟ 'ਤੇ ਵੀਡੀਓ ਦੇਖੋ।

ਮੈਨੂੰ ਸਕੈਨ ਕਰੋ।

## ਸਲੇਟੀ (ਗ੍ਰੇ) ਬਿਨ



ਪਲਾਸਟਿਕ, ਧਾਤਾਂ, ਡੱਬੇ, ਨਰਮ ਪਲਾਸਟਿਕ ਅਤੇ ਫਿਲਮ ਨੂੰ ਛਾਂਟਿਆ ਜਾਂਦਾ ਹੈ, ਬੰਨ੍ਹਿਆ ਜਾਂਦਾ ਹੈ ਅਤੇ ਨਵੇਂ ਉਤਪਾਦਾਂ ਵਿੱਚ ਮੁੜ ਪ੍ਰੋਸੈਸਿੰਗ ਲਈ ਭੇਜਿਆ ਜਾਂਦਾ ਹੈ।




## ਨੀਲਾ ਬਿਨ



ਕਾਗਜ਼ ਅਤੇ ਗੱਤੇ ਨੂੰ ਬੰਨ੍ਹਿਆ ਜਾਂਦਾ ਹੈ, ਗੁਦਾ ਬਣਾਇਆ ਹੈ ਅਤੇ ਨਵੇਂ ਕਾਗਜ਼ ਅਤੇ ਗੱਤੇ ਦੇ ਉਤਪਾਦਾਂ ਵਿੱਚ ਬਦਲਿਆ ਜਾਂਦਾ ਹੈ।



# ਜਾਮਨੀ ਬਿਨ



ਗਲਾਸ ਨੂੰ ਇੱਕ ਪਲਾਂਟ ਵਿੱਚ ਲਿਜਾਇਆ ਜਾਂਦਾ ਹੈ ਜਿੱਥੇ ਇਸ ਨੂੰ ਕੁਚਲਿਆ ਜਾਂਦਾ ਹੈ, ਰੰਗ ਦੇ ਹਿਸਾਬ ਨਾਲ ਛਾਂਟਿਆ ਜਾਂਦਾ ਹੈ, ਪਿਘਲਾਇਆ ਜਾਂਦਾ ਹੈ ਅਤੇ ਨਵੀਆਂ ਸ਼ੀਸ਼ੇ ਦੀਆਂ ਬੋਤਲਾਂ ਅਤੇ ਜਾਰਾਂ ਵਿੱਚ ਬਦਲਿਆ ਜਾਂਦਾ ਹੈ।



# ਬ੍ਰਾਊਨ ਬਿਨ




ਭੋਜਨ ਅਤੇ ਬਗੀਚੇ ਦੇ ਕੂੜੇ ਨੂੰ ਇੱਕ ਇਨ ਵੇਸਲ ਕੰਪੋਸਟਿੰਗ (ਆਈ.ਵੀ.ਸੀ.) ਸੁਵਿਧਾ ਵਿੱਚ ਟਰੀਟ ਕੀਤਾ ਜਾਂਦਾ ਹੈ ਅਤੇ ਖਾਦ ਵਿੱਚ ਬਦਲਿਆ ਜਾਂਦਾ ਹੈ।



# ਹਰਾ ਬਿਨ



ਕੂੜਾ ਜਿਸ ਨੂੰ ਰੀਸਾਈਕਲ ਨਹੀਂ ਕੀਤਾ ਜਾ ਸਕਦਾ, ਉਸਨੂੰ ਗਲਾਸਗੋ ਰੀਸਾਈਕਲਿੰਗ ਅਤੇ ਨਵਿਆਉਣਯੋਗ ਊਰਜਾ ਕੇਂਦਰ ਵਿਖੇ ਭੇਜਿਆ ਜਾਂਦਾ ਹੈ ਜਿੱਥੇ ਇਸ ਨੂੰ ਟਰੀਟ ਕੀਤਾ ਜਾਂਦਾ ਹੈ ਅਤੇ ਲੈਂਡਫਿਲ ਵੱਲ ਭੇਜਿਆ ਜਾਂਦਾ ਹੈ।



# ਵਧੀਕ ਜਾਣਕਾਰੀ

## ਰੀਸਾਈਕਲਿੰਗ ਲਈ ਤੁਹਾਡਾ ਧੰਨਵਾਦ

ਰੀਸਾਈਕਲਿੰਗ ਇਕ ਅਜਿਹਾ ਰਸਤਾ ਹੈ ਜਿਸ ਨਾਲ ਅਸੀਂ ਸਾਰੇ, ਕੀਮਤੀ ਸਰੋਤਾਂ ਨੂੰ ਬਚਾਉਣ ਅਤੇ ਕਾਰਬਨ ਦੇ ਨਿਕਾਸ ਨੂੰ ਘਟਾਉਣ ਵਿੱਚ ਮਦਦ ਕਰਨ ਲਈ ਫਰਕ ਲਿਆ ਸਕਦੇ ਹਾਂ - ਜੇ ਹਰ ਕੋਈ ਆਪਣੀ ਭੂਮਿਕਾ ਨਿਭਾਉਂਦਾ ਹੈ ਤਾਂ ਅਸੀਂ ਵੱਡਾ ਪ੍ਰਭਾਵ ਪਾ ਸਕਦੇ ਹਾਂ। ਇਸ ਲਈ ਅਸੀਂ ਘਰ ਵਿੱਚ ਜਿਵੇਂ ਤੁਸੀਂ ਰੀਸਾਈਕਲ ਕਰਦੇ ਹੋ ਉਸਨੂੰ ਬਦਲ ਦਿੱਤਾ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਅਸੀਂ ਸਭ ਤੋਂ ਵਧੀਆ ਗੁਣਵੱਤਾ ਵਾਲੀ ਰੀਸਾਈਕਲਿੰਗ ਇਕੱਤਰ ਕਰਦੇ ਹਾਂ। ਤੁਸੀਂ ਹਰੇਕ ਰੀਸਾਈਕਲਿੰਗ ਬਿਨ ਵਿੱਚ ਸਹੀ ਚੀਜ਼ਾਂ ਪਾ ਕੇ ਅਤੇ ਇਹ ਯਕੀਨੀ ਬਣਾ ਕੇ ਕਿ ਇਹ ਚੀਜ਼ਾਂ ਸਾਫ਼ ਅਤੇ ਸੁੱਕੀਆਂ ਹਨ ਸਾਡੀ ਮਦਦ ਕਰ ਸਕਦੇ ਹੋ ।

## ਹੋਰ ਕੀ ਹੋ ਰਿਹਾ ਹੈ?

ਤੁਹਾਡੀ ਕਰਬਸਾਈਡ ਰੀਸਾਈਕਲਿੰਗ ਸੇਵਾ ਵਿੱਚ ਇਹ ਸੁਧਾਰ ਹੀ ਪੂਰੇ ਸ਼ਹਿਰ ਵਿੱਚ ਹੋ ਰਹੀ ਇੱਕੋ ਇੱਕ ਤਬਦੀਲੀ ਨਹੀਂ ਹੈ - ਅਸੀਂ ਵਰਤਮਾਨ ਵਿੱਚ ਫਲੈਟਾਂ ਅਤੇ ਘਰਾਂ ਤੋਂ ਇਕੱਤਰ ਕੀਤੀ ਰੀਸਾਈਕਲਿੰਗ ਦੀ ਮਾਤਰਾ ਨੂੰ ਵਧਾਉਣ ਲਈ ਇੱਕ ਨਵੀਂ ਸੰਗ੍ਰਹਿ ਪ੍ਰਣਾਲੀ ਅਜਮਾ ਰਹੇ ਹਾਂ, ਅਤੇ ਕੁਈਨਜ਼ਲੀ ਵਿਖੇ ਇੱਕ ਅਤਿ-ਆਧੁਨਿਕ ਸਮੱਗਰੀ ਰੀਸਾਈਕਲਿੰਗ ਸਹੂਲਤ ਦੇ ਨਿਰਮਾਣ 'ਤੇ ਕੰਮ ਕਰ ਰਹੇ ਹਾਂ, ਜਿੱਥੇ ਸੁਵਿਧਾ ਦੇ ਚਾਲੂ ਹੋਣ ਤੋਂ ਬਾਅਦ ਨੀਲੇ ਅਤੇ ਸਲੇਟੀ ਰੀਸਾਈਕਲਿੰਗ ਬਿਨਾਂ ਦੀ ਸਮੱਗਰੀ 'ਤੇ ਕਾਰਵਾਈ ਕੀਤੀ ਜਾਵੇਗੀ।

## ਪਹੁੰਚਯੋਗਤਾ

ਇਹ ਜਾਣਕਾਰੀ ਬੇਨਤੀ 'ਤੇ ਕਈ ਵਿਕਲਪਕ ਫਾਰਮੈਟਾਂ ਅਤੇ ਭਾਈਚਾਰਕ ਭਾਸ਼ਾਵਾਂ ਵਿੱਚ ਉਪਲਬਧ ਕਰਵਾਈ ਜਾ ਸਕਦੀ ਹੈ। ਜੇ ਤੁਸੀਂ ਇਸ ਬਾਰੇ ਵਧੇਰੇ ਜਾਣਕਾਰੀ ਚਾਹੁੰਦੇ ਹੋ ਜਾਂ ਕਿਸੇ ਵਿਕਲਪਕ ਫਾਰਮੈਟ ਜਾਂ ਭਾਸ਼ਾ ਲਈ ਬੇਨਤੀ ਕਰਨਾ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ਇੱਥੇ ਜਾਓ **glasgow.gov.uk/twinstream**

ਮਦਦ ਵਾਸਤੇ ਸਕੈਨ ਕਰੋ

## ਸਾਡੇ ਨਾਲ ਸੰਪਰਕ ਕਰੋ

ਵਧੇਰੇ ਜਾਣਕਾਰੀ ਵਾਸਤੇ ਕਿਰਪਾ ਕਰਕੇ ਇੱਥੇ ਜਾਓ **glasgow.gov.uk/recycling**

recycle for Glasgow
ath-chuairtich do Ghlaschu

ਰੀਸਾਈਕਲ ਕੀਤੇ ਕਾਗਜ਼ 'ਤੇ ਛਾਪਿਆ ਗਿਆ - ਕਿਰਪਾ ਕਰਕੇ ਮੈਨੂੰ ਰੀਸਾਈਕਲ ਕਰੋ